BREASTFEEDING YOUR BABY

Vancouver Coastal Health
*Promoting wellness. Ensuring care.*

# ਦੁੱਧ ਚੁੰਘਾਉਣਾ: ਸ਼ੁਰੂ ਕਰਨਾ

## Breastfeeding: Getting Started



### ਜਨਮ ਵੇਲੇ ਸ਼ੁਰੂ ਕਰਨਾ

- ਆਪਣੇ ਬੇਬੀ ਨੂੰ ਜਨਮ ਤੋਂ ਬਾਅਦ ਪਹਿਲੇ ਅੱਧੇ ਘੰਟੇ ਵਿਚ ਦੁੱਧ ਦਿਉ।
- ਬੇਬੀ ਦੀ ਚਮੜੀ ਆਪਣੀ ਚਮੜੀ ਦੇ ਨਾਲ ਲਗਾਉ।
- ਬੇਬੀ ਦਾ ਸਰੀਰ ਤੁਹਾਡੀ ਛਾਤੀ ਵੱਲ ਨੂੰ ਹੋਵੇ।
- ਬੇਬੀ ਦਾ ਮੂੰਹ ਪੂਰਾ ਖੁੱਲ੍ਹਣ ’ਤੇ ਡੋਡੀ (ਨਿੱਪਲ) ਬੇਬੀ ਦੇ ਮੂੰਹ ਵਿਚ ਪਾਉ।



### ਦੁੱਧ ਚੁੰਘਾਉਂਦੇ ਰਹਿਣਾ

- ਅਰਾਮਦੇਹ ਹੋਵੋ – ਸਿਰ੍ਹਾਣੇ ਮਦਦ ਕਰਦੇ ਹਨ।
- ਬਾਹਾਂ ਵਾਲੀ ਅਰਾਮਦੇਹ ਕੁਰਸੀ ਵਿਚ ਬੈਠੋ ਜਾਂ ਲੰਮੇ ਪਉ।
- ਬੇਬੀ ’ਤੇ ਲਪੇਟੇ ਹੋਏ ਕੱਪੜੇ ਲਾਹੋ, ਬੇਬੀ ਨੂੰ ਵੱਖੀ-ਭਾਰ ਫੜੋ, ਆਪਣੀ ਚਮੜੀ ਦੇ ਨਾਲ।
- ਜੇ ਤੁਸੀਂ ਆਪਣੀ ਛਾਤੀ ਨੂੰ ਫੜਦੇ ਹੋ ਤਾਂ ਉਂਗਲਾਂ ਨੂੰ ਆਪਣੀ ਛਾਤੀ ਦੇ ਨੇੜੇ ਰੱਖੋ।
- ਬੇਬੀ ਦੇ ਬੁੱਲ੍ਹਾਂ ਨੂੰ ਆਪਣੀ ਡੋਡੀ ਨਾਲ ਛੁਹਾਉ ਤਾਂ ਜੋ ਉਸ ਦਾ ਮੂੰਹ ਪੂਰਾ ਖੁੱਲ੍ਹਣ ਵਿਚ ਮਦਦ ਹੋਵੇ।
- ਬੇਬੀ ਨੂੰ ਆਪਣੇ ਨੇੜੇ ਲਿਆਉ।
- ਛਾਤੀ ਦੇ ਦੁੱਧ ਤੋਂ ਬਿਨਾਂ ਕੋਈ ਵੀ ਹੋਰ ਖਾਣ ਜਾਂ ਪੀਣ ਵਾਲੀ ਚੀਜ਼ ਨਾ ਦਿਉ। ਤੁਹਾਡੇ ਬੇਬੀ ਨੂੰ ਤੁਹਾਡੇ ਦੁੱਧ ਤੋਂ ਬਿਨਾਂ ਕਿਸੇ ਵੀ ਹੋਰ ਚੀਜ਼ ਦੀ ਲੋੜ ਨਹੀਂ ਹੈ।
- ਆਪਣੇ ਬੇਬੀ ਨੂੰ ਚੁੰਘਣੀ (ਸੂਦਰ) ਨਾ ਦਿਉ।
- ਆਪਣੇ ਬੇਬੀ ਨੂੰ ਦਿਨ ਦੇ 24 ਘੰਟੇ ਅਕਸਰ ਦੁੱਧ ਚੁੰਘਾਉ।





### ਬਹੁਤ ਸਾਰਾ ਦੁੱਧ ਚੁੰਘਾਉ – ਹਰ ਰੋਜ਼ ਘੱਟੋ ਘੱਟ 8 ਜਾਂ ਜ਼ਿਆਦਾ ਵਾਰੀ

- ਇਸ ਨਾਲ ਬੇਬੀ ਦੀ ਦੁੱਧ ਚੁੰਘਣਾ ਸਿੱਖਣ ਵਿਚ ਮਦਦ ਹੁੰਦੀ ਹੈ।
- ਤੁਹਾਡੇ ਬਹੁਤ ਸਾਰਾ ਦੁੱਧ ਬਣਨ ਵਿਚ ਮਦਦ ਹੁੰਦੀ ਹੈ।
- ਤੁਹਾਡਾ ਬੱਚਾ ਆਰਾਮਦੇਹ ਹੁੰਦਾ ਹੈ।
- ਜੇ ਉਹ ਚੰਗੀ ਤਰ੍ਹਾਂ ਦੁੱਧ ਚੁੰਘ ਰਿਹਾ ਹੋਵੇ ਤਾਂ ਬੇਬੀ ਨੂੰ ਪਾਣੀ ਜਾਂ ਫਾਰਮੂਲੇ ਦੀ ਲੋੜ ਨਹੀਂ ਪੈਂਦੀ।

### ਦੁੱਧ ਚੁੰਘਾਉਣਾ ਆਰਾਮਦੇਹ ਹੋਣਾ ਚਾਹੀਦਾ ਹੈ

- ਜੇ ਤੁਹਾਡੀ ਛਾਤੀ ਜਾਂ ਡੋਡੀ ਦੁੱਖਦੀ ਹੋਵੇ ਤਾਂ ਮਦਦ ਲਉ ਤਾਂ ਜੋ ਤੁਹਾਡਾ ਬੇਬੀ ਚੰਗੀ ਤਰ੍ਹਾਂ ਦੁੱਧ ਚੁੰਘਣਾ ਸਿੱਖ ਸਕੇ।



ਦੂਜਾ ਪਾਸਾ ਦੇਖੋ

# ਦੁੱਧ ਚੁੰਘਾਉਣ ਲਈ ਬੈਠਣ ਦੇ ਤਰੀਕੇ

ਕਰੇਡਲ
ਪੋਜ਼ੀਸ਼ਨ



ਮੋਡੀਫਾਇਡ
ਕਰੇਡਲ
ਪੋਜ਼ੀਸ਼ਨ





ਫੁੱਟਬਾਲ
ਪੋਜ਼ੀਸ਼ਨ



ਲੰਮੇ ਪੈਣਾ

**ਆਪਣੇ ਬੱਚੇ ਦੇ ਪਾਲਣ-ਪੋਸਣ ਬਾਰੇ ਹੋਰ ਜਾਣਕਾਰੀ ਤੁਹਾਡੇ ਸਥਾਨਕ ਕਮਿਉਨਟੀ ਹੈਲਥ ਦਫਤਰ/ਸੈਂਟਰ ਤੋਂ ਜਾਂ http://vch.eduhealth.ca 'ਤੇ ਔਨਲਾਈਨ ਮਿਲਦੀ ਹੈ।**

ਦੁੱਧ ਚੁੰਘਾਉਣ ਬਾਰੇ ਹੋਰ ਜਾਣਕਾਰੀ ਤੁਸੀਂ ਇੱਥੋਂ ਲੈ ਸਕਦੇ ਹੋ:

ਵੈਨਕੂਵਰ ਕੋਸਟਲ ਹੈਲਥ ਵਿਖੇ ਪਬਲਿਕ ਹੈਲਥ ਨਰਸ ਜਾਂ ਕਮਿਉਨਟੀ ਨਿਊਟਰੀਸ਼ਨਿਸਟ ਤੋਂ..................www.vch.ca
ਬੇਬੀ'ਜ਼ ਬੈੱਸਟ ਚਾਂਸ....................................http://www.health.gov.bc.ca/children/initiatives/bbc.html
ਡਾਇਲ-ਏ-ਡਾਇਟੀਸ਼ਨ - ਸੇਵਾਵਾਂ 130 ਜ਼ਬਾਨਾਂ ਵਿਚ ਉਪਲਬਧ ਹਨ.............................................604-732-9191
www.dialadietitian.org..........................................................................ਟੋਲ ਫ੍ਰੀ 1-800-667-3438

ਹੈਲਥਲਿੰਕ ਬੀ ਸੀ - ਕਿਸੇ ਨਰਸ, ਫਾਰਮਾਸਿਸਟ, ਜਾਂ ਡਾਇਟੀਸ਼ਨ ਨਾਲ ਗੱਲ ਕਰੋ।
ਸੇਵਾਵਾਂ 130 ਜ਼ਬਾਨਾਂ ਵਿਚ ਉਪਲਬਧ ਹਨ
www.healthlink.bc.ca.......................................................................................................811
ਬੋਲੇ ਅਤੇ ਉੱਚਾ ਸੁਣਨ ਵਾਲਿਆਂ ਲਈ ਮਦਦ ਲਈ (ਟੀ ਟੀ ਵਾਈ), ਫੋਨ ........................................................711

ਰੂਪ-ਰੇਖਾ ਬੀ ਸੀ ਬੇਬੀ-ਫਰਿੰਡਲੀ ਇਨੀਸ਼ੀਏਟਿਵ ਦੇ ਧੰਨਵਾਦ ਨਾਲ

ਹੋਰ ਕਾਪੀਆਂ ਲੈਣ ਲਈ, **http://vch.eduhealth.ca** 'ਤੇ ਔਨਲਾਈਨ ਜਾਉ ਜਾਂ
**phem@vch.ca** 'ਤੇ ਈਮੇਲ ਕਰੋ ਅਤੇ ਕੈਟਾਲੌਗ ਨੰਬਰ **GK.560.B742.PU** ਦੱਸੋ।
ਕਾਪੀਰਾਈਟ: ਵੈਨਕੂਵਰ ਕੋਸਟਲ ਹੈਲਥ, ਅਪਰੈਲ 2018

ਇਸ ਲਿਖਤ ਵਿਚਲੀ ਜਾਣਕਾਰੀ ਸਿਰਫ ਉਸ ਵਿਅਕਤੀ ਲਈ ਹੈ ਜਿਸ ਨੂੰ ਇਹ ਹੈਲਥ ਕੇਅਰ
ਟੀਮ ਵਲੋਂ ਦਿੱਤੀ ਗਈ ਹੈ।
www.vch.ca